ਸ੍ਰੀ ਅਸ਼ੋਕ ਮਹਿਤਾ ਭਾਰਤ ਦੇ ਉੱਚ ਕੋਟੀ ਦੇ ਵਿਦਵਾਨਾਂ ਵਿਚੋਂ ਇਕ ਹਨ। ਅੱਜ ਤੋਂ ਵੀਹ ਕੁ ਸਾਲ ਪਹਿਲਾਂ ਉਹ ਭਾਰਤ ਸਰਕਾਰ ਦੇ ਵਜ਼ੀਰ ਵੀ ਰਹੇ ਹਨ। ਉਦੋਂ ਉਹਨਾਂ ਨੇ ਇਹ ਆਖਿਆ ਸੀ ਕਿ ਭਾਰਤ ਵਿਚ ਅਨਪੜ੍ਹਤਾ ਬਹੁਤ ਹੈ (ਸ਼ਾਇਦ ੭੦ ਪ੍ਰਤੀਸਤ ਦੇ ਕਰੀਬ ਹੈ। ਇਸ ਲਈ ਜੇ ਦੇਸ਼ ਨੂੰ ਬਚਾਉਣਾ ਹੈ ਤਾਂ ਹਾਈ ਸਕੂਲਾਂ ਦੇ ਅਧਿਆਪਕਾਂ ਤਕ ਦੇਸ਼ ਦੀ ਉਸਾਰੀ ਦਾ ਸਾਹਿਤ ਪਹੁੰਚਾ ਦਿੱਤਾ ਜਾਣਾ ਚਾਹੀਦਾ ਹੈ।

ਭਾਰਤ ਵਿਚ ਜਿਹੜੇ ਅਖ਼ਬਾਰ ਛਪਦੇ ਹਨ ਉਨ੍ਹਾਂ ਵਿਚੋਂ ੫੧ ਪ੍ਰਤੀਸ਼ਤ ਮਦਰਾਸ, ਬੰਬਈ, ਦਿੱਲੀ ਅਤੇ ਕਲਕੱਤਾ ਚਾਰ ਸ਼ਹਿਰਾਂ ਵਿਚ ਹੀ ਲੱਗ ਜਾਂਦੇ ਹਨ ਤੇ ਪਿੰਡਾਂ ਦੀ ੮੦ ਪ੍ਰਤੀਸ਼ਤ ਆਬਾਦੀ ਦੇ ਹਿੱਸੇ ਕੇਵਲ ਦੋ ਪ੍ਰਤੀਸ਼ਤ ਅਖ਼ਬਾਰ ਹੀ ਆਉਂਦੇ ਹਨ। ਸੋ ਦੇਸ਼ ਵਾਸੀਆਂ ਨੂੰ ਜਾਗਰਤੀ ਕੌਣ ਦੇਵੇ। ਅਸੀਂ ਇਸ ਸੰਬੰਧ ਵਿਚ ਭਗਤ ਪੂਰਨ ਸਿੰਘ ਦਾ ਜ਼ਿਕਰ ਕਰਨਾ ਚਾਹੁੰਦੇ ਹਾਂ। ਭਗਤ ਜੀ ਜ਼ਿਲ੍ਹਾ ਲੁਧਿਆਣਾ ਦੇ ਕਸਬਾ ਖੰਨਾ ਦੇ ਏ. ਐਸ. ਹਾਈ ਸਕੂਲ ਵਿਚ ਅੱਠਵੀ ਜਮਾਤ ਦੇ ਵਿਦਿਆਰਥੀ ਸਨ। ਜਦੋਂ ਬਾਣ-ਪ੍ਰਸਤੀ ਡਾਕਟਰ ਹਰਨਾਮ ਦਾਸ ਜੀ ਕਮਾਲੀਆ ਵਾਲੇ ਆਏ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿਹਤ ਦੇ ਨਿਯਮਾਂ ਉਤੇ ਵਿਆਖਿਆਨ ਦਿੱਤਾ। ਉਹਨਾਂ ਨੇ ਆਪਣਾ ਸਾਰਾ ਜੀਵਨ ਹੀ ਵਿਦਿਆਰਥੀਆਂ ਲਈ ਅਰਪਣ ਕੀਤਾ ਹੋਇਆ ਸੀ। ਉਨ੍ਹਾਂ ਦੇ ਤਪੱਸਵੀ ਜੀਵਨ ਦਾ ਭਗਤ ਜੀ ਦੇ ਹਿਰਦੇ ਤੇ ਐਨਾ ਪ੍ਰਭਾਵ ਪਿਆ ਕਿ ਭਗਤ ਜੀ ਨੇ ਵੀ ਪੱਕਾ ਇਰਾਦਾ ਕਰ ਲਿਆ ਕਿ ਉਹ ਪੜ੍ਹਾਈ ਤੋਂ ਪਿਛੋਂ ਆਪਣਾ ਸਾਰਾ ਜੀਵਨ ਸਕੂਲਾਂ ਦੇ ਵਿਦਿਆਰਥੀਆਂ ਨੂੰ ਡਾਕਟਰ ਸਾਹਿਬ ਵਾਂਗ ਵਿਆਖਿਆਨ ਦੇਂਦਿਆਂ ਹੀ ਗੁਜ਼ਾਰਨਗੇ। ਕੁਦਰਤ ਦੇ ਰੰਗ ਹਨ ਕਿ ਸੰਨ ੧੯੨੩



Digitized by Panjab Digital Library | www.panjabdigilib.org

ਵਿਚ ਦਸਵੀਂ ਜਮਾਤ ਵਿਚ ਫੇਲ੍ਹ ਹੋਣ ਤੋਂ ਪਿਛੋਂ ਜਦੋਂ ਭਗਤ ਜੀ ਨੂੰ ਭਾਂਡੇ ਮਾਂਜਣ ਦੀ ਨੌਕਰੀ ਕਰ ਰਹੀ ਆਪਣੀ ਮਾਤਾ ਜੀ ਦੇ ਪਾਸ ਦਿਨ ਰਾਤ ਦਾ ਸੰਬੰਧ ਗੁਰਦੁਆਰਾ ਡੇਹਰਾ ਸਾਹਿਬ ਨਾਲ ਹੋ ਗਿਆ। ਉਥੇ ਸੰਨ ੧੯੨੭ ਵਿਚ ਮਹਾਤਮਾ ਗਾਂਧੀ ਦੇ ਅੰਗਰੇਜ਼ੀ ਦੇ ਸਪਤਾਹਿਕ ਪੱਤਰ 'ਯੰਗ ਇੰਡੀਆ' (Young India) ਦੇ ਲੇਖਾਂ ਤੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਸਮੇਂ ਦੀ ਵਿਦੇਸ਼ੀ ਸਰਕਾਰ ਨੇ ਦੇਸ਼ ਦੇ ਪਿੰਡਾ ਦੀ ੮੦ ਪ੍ਰਤੀਸ਼ਤ ਆਬਾਦੀ ਦੀ ਆਰਥਿਕਤਾ ਨੂੰ ਨਸ਼ਟ ਕਰ ਦਿੱਤਾ ਹੋਇਆ ਹੈ ਅਤੇ ਇਹ ਮੁੜ ਕੇ ਆਪਣੇ ਪੈਰਾਂ ਤੇ ਉਸੇ ਸੂਰਤ ਵਿਚ ਹੀ ਖੜ੍ਹੀ ਹੋ ਸਕਦੀ ਹੈ ਜੇ ਦੇਸ਼-ਵਾਸੀਆਂ ਵਿਚ ਘਰੇਲੂ ਦਸਤਕਾਰੀ ਤੇ ਖ਼ਾਸ ਤੌਰ ਤੇ ਖੱਦਰ ਦੇ ਕੱਪੜੇ ਪਾਉਣ ਦਾ ਪ੍ਰਚਾਰ ਕੀਤਾ ਜਾਵੇ। ਸੁਤੰਤਰਤਾ ਦੀ ਪ੍ਰਾਪਤੀ ਲਈ ਸਮੇਂ ਦੀ ਵਿਦੇਸ਼ੀ ਸਰਕਾਰ ਨਾਲ ਦੇਸ਼ ਵਾਸੀਆਂ ਦੀ ਸ਼ਾਂਤ-ਮਈ ਜੰਗ ਦੀ ਅਗਵਾਈ ਕਰਦਿਆਂ ਹੋਇਆਂ ਗਾਂਧੀ ਜੀ ਨੇ ਦੇਸ਼-ਵਾਸੀਆਂ ਅੱਗੇ ਦੇਸ਼ ਦੀ ਉਸਾਰੀ ਲਈ ਇਕ ਰਚਨਾਤਮਿਕ ਪ੍ਰੋਗਰਾਮ ਰੱਖਿਆ। ਉਸ ਪ੍ਰੋਗਰਾਮ ਨੂੰ ਭਗਤ ਜੀ ਨੇ ਉਸ ਸਮੇਂ ਦੀ ਆਪਣੀ ੨੩ ਸਾਲਾਂ ਦੀ ਉਮਰ ਵਿਚ ਆਪਣੀ ਪੂਰੀ ਲਗਨ ਨਾਲ ਸਮਝਣ ਅਤੇ ਉਸ ਉਤੇ ਅਮਲ ਕਰਨ ਲਈ ਆਪਣਾ ਜੀਵਨ ਅਰਪਨ ਕਰਨ ਦਾ ਇਕ ਸੰਕਲਪ ਕਰ ਲਿਆ। ਉਸ ਪ੍ਰੋਗਰਾਮ ਅਨੁਸਾਰ ਉਨ੍ਹਾਂ ਨੇ ਆਪਣੀ ੭੯ ਸਾਲਾਂ ਦੀ ਹੁਣ ਤਕ ਦੀ ਉਮਰ ਦਾ 56 ਸਾਲ ਦਾ ਸਮਾਂ ਬਿਤਾਇਆ ਹੈ। ਇਹ ਰਚਨਾਤਮਿਕ ਕੰਮ ਹੀ ਅਸਲ ਕੰਮ ਹੈ ਜੋ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਕਰਨਾ ਚਾਹੀਦਾ ਹੈ। ਇਸ ਗੱਲ ਨੂੰ ਉਚੇਚੇ ਤੌਰ ਤੇ ਕਹਿਣ ਦੀ ਲੋੜ ਸਾਨੂੰ ਇਸ ਕਰਕੇ ਪਈ ਹੈ ਕਿ ਸਾਡੇ ਭਾਰਤ ਦੇ ਨੌਜਵਾਨ ਬੜੇ ਭੁੱਲੀਂ ਪੈ ਰਹੇ ਸਨ। ਵਿਦਿਆਰਥੀਆਂ ਵਲੋਂ ਹੁੰਦੀਆਂ ਰਹੀਆਂ



Digitized by Panjab Digital Library | www.panjabdigilib.org

ਹਿੰਸਾ ਦੀਆਂ ਘਟਨਾਵਾਂ ਜਦੋਂ ਸਾਨੂੰ ਪੁੱਜਦੀਆਂ ਸਨ ਤਾਂ ਸਾਨੂੰ ਦੁੱਖ ਹੁੰਦਾ ਸੀ। ਕਮਿਊਨਿਸਟ ਵਿਚਾਰਧਾਰਾ ਵਿਚ ਤਾਂ ਇਸ ਗੱਲ ਦੀ ਆਗਿਆ ਹੋ ਸਕਦੀ ਹੈ ਪਰ ਸਾਡੇ ਆਪਣੇ ਸੱਭਿਆਚਾਰ, ਸਾਡੇ ਗੁਰੂ ਸਾਹਿਬਾਨ, ਪੀਰਾਂ-ਪੈਗੰਬਰਾਂ ਅਵਤਾਰਾਂ ਅਤੇ ਸਾਡੇ ਮਾਨਯੋਗ ਮੁਖੀਆਂ ਦੇ ਦੱਸੇ ਰਸਤਿਆਂ ਅਨੁਕੂਲ ਇਹ ਬਿਲਕੁਲ ਨਹੀਂ। ਇਸ ਲਈ ਭਗਤ ਜੀ ਦੇ ਕੰਮ ਦੀ ਜਿੰਨੀ ਵੀ ਸ਼ਲਾਘਾ ਹੋਵੇ ਥੋੜ੍ਹੀ ਹੈ।

ਨੌ ਕੁ ਸਾਲਾਂ ਦੀ ਉਮਰ ਵਿਚ ਹੀ ਉਹਨਾਂ ਦੇ ਘਰ ਗਰੀਬੀ ਆ ਜਾਣ ਕਰਕੇ ਉਹ ਆਪਣੀ ਸਕੂਲ ਦੀ ਪੜ੍ਹਾਈ ਦੀ ਦਸਵੀਂ ਜਮਾਤ ਵੀ ਪਾਸ ਨਾ ਕਰ ਸਕੇ। ਪਰ ਦੇਖੋ ਕਰਤਾਰ ਦੇ ਰੰਗ, ਸਿੱਖ ਪੰਥ ਦੇ ਇਕ ਮਹਾਨ ਗੁਰਦੁਵਾਰੇ ਡੇਹਰਾ ਸਾਹਿਬ ਲਾਹੌਰ ਦੇ ਵਾਤਾਵਰਨ ਵਿਚ ਕੁਝ ਸਾਲ ਰਹਿ ਕੇ ਉਨ੍ਹਾਂ ਦੀ ਸ਼ਖ-ਸੀਅਤ ਕਿੰਨੇ ਰੂਪ ਵਿਚ ਘੜੀ ਗਈ ਹੈ। ਉਹਨਾਂ ਸਾਬਤ ਕਰ ਦਿੱਤਾ ਹੈ ਕਿ ਗੁਰੂ ਜੀ ਨੇ ਜੋ ਸਿੱਖ ਗੁਰਦੁਆਰੇ ਸਮਾਜ ਦੇ ਦੁੱਖ ਸੁੱਖ ਦੀ ਸਾਂਝ ਲਈ ਕੇਂਦਰ ਬਣਾਏ ਹਨ ਕਿਤਨੇ ਦੂਰ ਤਕ ਪੁੱਜਣ ਵਾਲੇ ਨਤੀਜੇ ਪੈਦਾ ਕਰਦੇ ਹਨ। ੨੦ ਸਾਲਾਂ ਦੀ ਉਮਰ ਤੋਂ ੪੪ ਸਾਲਾਂ ਦੀ ਉਮਰ ਤਕ ਅਰਥਾਤ ਜਵਾਨੀ ਦਾ ੨੪ ਸਾਲਾਂ ਦਾ ਉਤਸ਼ਾਹ-ਜਨਕ ਸਮਾਂ ਉਸ ਮਹਾਨ ਗੁਰਦੁਆਰੇ ਵਿਚ ਬਤੀਤ ਹੋਣ ਕਰਕੇ ਹੀ ਉਨ੍ਹਾਂ ਦੇ ਕੋਮਲ ਹਿਰਦੇ ਉਤੇ ਇਹ ਪ੍ਰਭਾਵ ਜ਼ੋਰ ਨਾਲ ਪਿਆ ਸੀ ਕਿ ਉਹ ਆਪਣਾ ਸਾਰਾ ਜੀਵਨ ਹੀ ਸਮਾਜ ਦੀ ਸੇਵਾ ਵਿਚ ਲਾ ਦੇਣ ਤੇ ਉਨ੍ਹਾਂ ਲਾਇਆ ਹੈ। ਇਸ ਦੇ ਨਾਲ ਨਾਲ ਉਨ੍ਹਾਂ ਦਾ ਮਨ ਸਹਿਜੇ ਸਹਿਜੇ ਗੁਰਮਤਿ ਨੂੰ ਵੀ ਠੀਕ ਰੂਪ ਵਿਚ ਗ੍ਰਹਿਣ ਕਰਦਾ ਗਿਆ ਸੀ ਜੋ ਹੁਣ ਨਿਖਰ ਕੇ ਉਨ੍ਹਾਂ ਦੇ ਇਸ਼ਤਿਹਾਰਾਂ ਕਿਤਾਬਚਿਆਂ ਤੇ ਪੁਸਤਕਾਂ ਤੋਂ ਪ੍ਰਗਟ ਹੋ ਰਿਹਾ ਹੈ।

ਗੁਰਦੁਆਰੇ ਵਿਚ ਲੰਗਰ ਤੇ ਰਿਹਾਇਸ਼ ਦੀਆਂ ਸਹੂਲਤਾ



Digitized by Panjab Digital Library | www.panjabdigilib.org

ਸਿੱਖ ਨੌਜਵਾਨੋ !

# ਭਗਤ ਪੂਰਨ ਸਿੰਘ ਦੇ ਜੀਵਨ

ਤੋਂ ਪ੍ਰੇਰਨਾ ਲਓ !

ਵਲੋਂ:—੧. ਸਿੰਘ ਸਾਹਿਬ ਕਿਰਪਾਲ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ।

੨. ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਹੈੱਡ ਗਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ।

੩. ਸਿੰਘ ਸਾਹਿਬ ਸਾਧੂ ਸਿੰਘ ਜੀ 'ਭੌਰਾ' ਰਹਿ ਚੁੱਕੇ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ।

੪. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ, ਰਹਿ ਚੁਕੇ ਹੈੱਡ ਗਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ।

Digitized by Panjab Digital Library | www.panjabdigilib.org